# ਦੋਆਬੇ ਦੇ ਗ਼ਦਰੀ ਤੇ ਬੱਬਰ

## ਇਤਿਹਾਸ ਦੇ ਪੰਨੇ

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ



ਗ਼ਦਰੀ-ਗ਼ਦਰ ਪਾਰਟੀ ਦੀਆਂ ਪੰਜਾਬ ਅੰਦਰ ਕਾਰਵਾਈਆਂ ਦਾ ਕੇਂਦਰ ਬਿੰਦੂ ਅੰਮ੍ਰਿਤਸਰ ਲਾਹੌਰ ਹੋਣ ਕਰਕੇ ਦੁਆਬੇ ਅੰਦਰ ਬਹੁਤਾ ਕੁਝ ਨਹੀਂ ਵਾਪਰਿਆ ਸੀ, ਪਰ ਇਸ ਖੇਤਰ ਦੇ ਗ਼ਦਰੀਆਂ ਦੀ ਦੇਣ ਗਿਣਤੀ ਵਿੱਚ ਘੱਟ ਹੁੰਦਿਆਂ ਵੀ ਨਿਵੇਕਲਾ ਸਥਾਨ ਰੱਖਦੀ ਹੈ। ਪਿਛਲ ਝਾਤ ਮਾਰਿਆਂ ਗ਼ਦਰ ਲਹਿਰ ਦੀ ਸ਼ੁਰੂਆਤ ਤੋਂ ਵੀ ਪਹਿਲਾਂ ਕਪੂਰਥਲੇ ਦੇ ਲਾਲਾ (ਬਾਬਾ) ਰਾਮ ਸ਼ਰਨ ਦਾਸ ਤਲਵਾੜ 1907 ਦੌਰਾਨ ਭਾਰਤ ਮਾਤਾ ਸੁਸਾਇਟੀ ਦੇ ਸਰਗਰਮ ਰੁਕਨ ਸਨ, ਜੋ ਪਿੱਛੋਂ ਦਿੱਲੀ ਕੇਂਦਰਤ ਰਾਸ ਬਿਹਾਰੀ ਵਾਲੇ ਜੱਥੇ ਵਿੱਚ ਪੂਰੀ ਤਰ੍ਹਾਂ ਸ਼ਾਮਲ ਸਨ, ਇੱਥੋਂ ਤੱਕ ਕਿ 1912-14 ਦੇ ਦਿੱਲੀ ਹਾਰਡਿੰਗ ਬੰਬ ਕੇਸ ਵਿੱਚ ਉਹ ਸਜ਼ਾ ਤੋਂ ਸਿਰਫ਼ ਇਸ ਲਈ ਬਚੇ ਰਹੇ ਕਿ (ਜੱਜਾਂ ਅਨੁਸਾਰ) ਇਕਬਾਲੀਆ ਗਵਾਹ ਦੀਨਾ ਨਾਥ ਨੇ ਉਨ੍ਹਾਂ ਨਾਲ ਨਜ਼ਦੀਕੀ ਰਿਸ਼ਤੇ ਕਾਰਨ ਉਨ੍ਹਾਂ ਦੀ ਸ਼ਮੂਲੀਅਤ ਬਾਰੇ ਦੱਸਣੋਂ ਗੁਰੇਜ਼ ਕੀਤਾ ਸੀ। ਉਨ੍ਹਾਂ ਦਾ ਸਭ ਤੋਂ ਮਹੱਤਵਪੂਰਨ ਰੋਲ ਵਿਦੇਸ਼ੋਂ ਪਰਤੇ ਗ਼ਦਰੀਆਂ ਦੇ ਪ੍ਰਮੁੱਖ ਆਗੂ ਬੰਦਰਗਾਹਾਂ ਤੋਂ ਫੜ ਲਏ ਜਾਣ ਪਿੱਛੋਂ ਰਾਜ ਬਿਹਾਰੀ ਬੋਸ ਨਾਲ ਸੰਪਰਕ ਕਾਇਮ ਕਰਨ ਵਿੱਚ ਸੀ। ਜ਼ਿਕਰਯੋਗ ਹੈ ਕਿ ਜਿਨ੍ਹਾਂ 24 ਗਦਰੀਆਂ ਨੂੰ ਟ੍ਰਿਬਿਊਨਲ ਨੇ ਫਾਂਸੀ ਦੀ ਸਜ਼ਾ ਸੁਣਾਈ ਸੀ ਤੇ ਪਿੱਛੋਂ 17 ਦੀ ਫਾਂਸੀ ਗਵਰਨਰ ਜਨਰਲ ਨੇ ਤੋੜ ਦਿੱਤੀ ਸੀ, ਇਹ ਉਨ੍ਹਾਂ ਵਿੱਚੋਂ ਇੱਕ ਸਨ। ਜੇਲ੍ਹੀਂ ਜੀਵਨ ਦੌਰਾਨ ਇਨ੍ਹਾਂ ਨੇ ਇੱਕ ਲੰਮੀ ਅੰਗਰੇਜ਼ੀ ਕਵਿਤਾ 'ਡਰੀਮਲੈਂਡ' ਦੀ ਰਚਨਾ ਕੀਤੀ ਸੀ, ਜਿਸ ਦੀ ਭੂਮਿਕਾ ਸ਼ਹੀਦ ਭਗਤ ਸਿੰਘ ਨੇ ਫਾਂਸੀ ਤੋਂ ਕੁਝ ਦਿਨ ਪਹਿਲਾਂ ਲਿਖੀ ਸੀ। ਇਨ੍ਹਾਂ ਦੇ ਸਹਿ-ਸਹਿਯੋਗ ਨਾਲ ਹੀ ਕਪੂਰਥਲੇ ਇਨਕਲਾਬੀ ਸਾਹਿਤ ਵੀ ਛਾਪਿਆ ਜਾਂਦਾ ਸੀ, ਪਰ ਆਪਣੀ-ਆਪਣੀ ਥਾਂ ਦੁਆਬੇ ਦੇ ਹੋਰ ਗਦਰੀਆਂ ਦੀ ਦੇਣ ਵੀ ਕੋਈ ਘੱਟ ਨਹੀਂ ਸੀ, ਜਿਵੇਂ ਕਿ ਹੇਠ ਲਿਖੇ ਵੇਰਵਿਆਂ ਵਿੱਚ ਚਰਚਾ ਕੀਤੀ ਜਾ ਰਹੀ ਹੈ,

**1. ਗਦਰੀ ਸ਼ਹੀਦ**

**ਜ਼ਿਲ੍ਹਾ ਹੁਸ਼ਿਆਰਪੁਰ ਦੇ ਸ਼ਹੀਦ**-(ੳ) ਬੀਰ ਸਿੰਘ ਬਾਹੋਵਾਲ-ਲਾਹੌਰ ਸਾਜ਼ਿਸ਼ ਕੇਸ (ਸਪਲੀਮੈਂਟਰੀ) ਵਿੱਚ ਫਾਂਸੀ-ਲਾਹੌਰ ਜੇਲ੍ਹ 18.6.1916

(ਅ) ਬਾਬੂ ਰਾਮ (ਫਤਿਹਗੜ੍ਹ)-ਲਾਹੌਰ ਸਾਜ਼ਿਸ਼ ਕੇਸ (ਦੂਜਾ ਸਪਲੀਮੈਂਟਰੀ) ਲਾਹੌਰ ਜੇਲ੍ਹ ਵਿੱਚ ਫਾਂਸੀ-29.3.1917

(ੲ) ਹਰਨਾਮ ਚੰਦ ਉਰਫ ਨਾਮਾ ਫਾਂਸੀਵਾਲਾ-(ਫਤਿਹਗੜ੍ਹ) (ਉਕਤ ਕੇਸ ਵਿੱਚ ਹੀ)

(ਸ) ਸੁਰਜਨ ਸਿੰਘ-ਫਤਿਹਗੜ੍ਹ (ਉਕਤ ਕੇਸ ਵਿੱਚ ਹੀ)

(ਹ) ਬਤਨ ਸਿੰਘ-ਕਾਤਰੀ (ਉਕਤ ਕੇਸ ਵਿੱਚ ਹੀ)

(ਕ) ਜਵੰਦ ਸਿੰਘ (ਨੰਗਲ ਕਲਾਂ)-ਲਾਹੌਰ ਸਾਜ਼ਿਸ਼ ਕੇਸ (ਚੌਥਾ ਸਪਲੀਮੈਂਟਰੀ) 10.6.1917 ਨੂੰ ਲਾਹੌਰ ਜੇਲ੍ਹ ਵਿੱਚ

(ਖ) (ਬਾਬੂ) ਹਰਨਾਮ ਸਿੰਘ-ਸਾਹਰੀ-ਧਰਮਾ ਸਾਜ਼ਿਸ਼ ਕੇਸ (ਪਹਿਲਾ) ਮਾਡਲ ਜੇਲ੍ਹ ਵਿੱਚ ਸ਼ਹੀਦੀ 11.11.1916

(ਗ) ਰਾਮ ਰੱਖਾ (ਬਾਬਾ ਸਰਾਵਨਾ) ਪਿੰਡ ਚੱਬਾ (ਅੰਮ੍ਰਿਤਸਰ) ਡਾਕੇ ਦੌਰਾਨ ਬੰਬ ਨਾਲ ਸ਼ਹੀਦ ਮਿਤੀ : 2-3 ਫਰਵਰੀ, 1915

(ਘ) ਰਾਮ ਰੱਖਾ (ਸੱਸੋਲੀ)-ਬਰਮਾ ਸਾਜ਼ਿਸ਼ ਕੇਸ (ਦੂਜਾ) ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਉਪਰੰਤ ਅੰਡੇਮਾਨ ਭੇਜੇ ਗਏ, ਜਿੱਥੇ ਪਹੁੰਚਦਿਆਂ ਹੀ ਉਨ੍ਹਾਂ ਦੇ ਜਨੇਊ ਜ਼ਬਰਦਸਤੀ ਲਾਹੁਣ 'ਤੇ ਉਨ੍ਹਾਂ ਭੁੱਖ ਹੜਤਾਲ ਕਰ ਦਿੱਤੀ ਤੇ ਜਬਰੀ ਖ਼ੁਰਾਕ ਦੇਣ ਦੌਰਾਨ ਫੇਫੜੇ ਵਿੱਚ ਦੁੱਧ ਚਲੇ ਜਾਣ ਕਰਕੇ ਸ਼ਹੀਦ ਹੋਏ (ਸਾਲ 1919)

ਅੰਡੇਮਾਨ ਦੀ ਸੈਲੂਲਰ ਜੇਲ੍ਹ (ਮੈਮੋਰੀਅਲ—ਅੰਦਰ ਛੇ ਸਨਮਾਨਿਤ ਜੇਲ੍ਹ ਸ਼ਹੀਦਾਂ ਵਿੱਚ ਇਨ੍ਹਾਂ ਦੀ ਯਾਦਗਾਰ ਵੀ ਸਥਾਪਿਤ ਹੈ।

(ਙ) ਵਧਾਵਾ ਸਿੰਘ (ਵਾੜਾ) ਬਰਮਾ ਸਾਜ਼ਿਸ਼ ਕੇਸ (ਪਹਿਲਾ) ਵਿੱਚ ਫਾਂਸੀ-ਮਾਡਲ ਜੇਲ੍ਹ 16.11.1916

**ਜ਼ਿਲ੍ਹਾ ਜਲੰਧਰ ਦੇ ਸ਼ਹੀਦ**-(ੳ) ਭਾਈ ਬਲਵੰਤ ਸਿੰਘ (ਖੁਰਦਪੁਰ)-ਲਾਹੌਰ ਸਾਜ਼ਿਸ਼ ਕੇਸ (ਦੂਜਾ ਸਪਲੀਮੈਂਟਰੀ) ਵਿੱਚ ਫਾਂਸੀ ਦਾ ਹੁਕਮ-29.3.17 ਨੂੰ ਲਾਹੌਰ ਜੇਲ੍ਹ ਵਿੱਚ ਸ਼ਹੀਦ। ਆਪ ਜੀ ਨੇ ਵੈਨਕੂਵਰ ਗੁਰਦੁਆਰੇ ਗ੍ਰੰਥੀ ਦੀ ਪਦਵੀ 'ਤੇ ਸੁਸ਼ੋਭਿਤ ਹੁੰਦਿਆਂ ਹਿੰਦੀਆਂ ਦੇ ਪਰਿਵਾਰਾਂ ਦੀ ਕੈਨੇਡਾ ਅੰਦਰ ਬਿਨਾਂ ਰੋਕ-ਟੋਕ ਦਾਖਲੇ ਲਈ ਘੋਲ ਤੋਂ ਲੈ ਕੇ ਹਰੇਕ ਅਜਿਹੇ ਅੰਦੋਲਨ ਵਿੱਚ ਉੱਘਾ ਯੋਗਦਾਨ ਪਾਇਆ।

(ਅ) ਰੰਗਾ ਸਿੰਘ (ਖੁਰਦਪੁਰ)-ਲਾਹੌਰ ਸਾਜ਼ਿਸ਼ ਕੇਸ (ਸਪਲੀਮੈਂਟਰੀ) ਵਿੱਚ ਫਾਂਸੀ ਦਾ ਹੁਕਮ ਹੋਇਆ ਤੇ 18.6.1916 ਨੂੰ ਲਾਹੌਰ ਜੇਲ੍ਹ ਵਿੱਚ ਸ਼ਹੀਦ ਹੋਏ।

(ੲ) ਬੰਤਾ ਸਿੰਘ (ਸੰਘੋਵਾਲ)-ਆਪ ਜੀ ਨੂੰ ਲਾਹੌਰ ਸਾਜ਼ਿਸ਼ ਕੇਸ (ਪਹਿਲੇ) ਵਿੱਚ ਮਫਰੂਰ ਕਰਾਰ ਦਿੱਤਾ ਗਿਆ ਤੇ ਵੱਲਾ ਪੁਲ ਸਾਕੇ ਤੇ ਨੰਗਲ ਕਲਾਂ (ਹੁਸ਼ਿਆਰਪੁਰ) ਦੇ ਗ਼ਦਾਰ ਜ਼ੈਲਦਾਰ ਚੰਦਾ ਸਿੰਘ ਦੇ ਕਤਲ ਤੇ ਅਨਾਰਕਲੀ (ਲਾਹੌਰ) ਕੇਸ ਵਿੱਚ ਸ਼ਾਮਲ ਹੋਣ ਕਰਕੇ ਵੱਲਾ ਪੁਲ ਕੇਸ ਵਿੱਚ 21.7.15 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਤੇ 12 ਅਗਸਤ, 1915 ਨੂੰ ਲਾਹੌਰ ਜੇਲ੍ਹ ਵਿੱਚ ਸ਼ਹੀਦ ਹੋਏ।

(ਸ) ਡਾ. ਰੁੜ ਸਿੰਘ (ਸੰਗੋਵਾਲ) ਲਾਹੌਰ ਸਾਜ਼ਿਸ਼ ਕੇਸ (ਸਪਲੀਮੈਂਟਰੀ) ਵਿੱਚ ਮਫਰੂਰ ਕਰਾਰ ਦਿੱਤੇ ਗਏ ਤੇ ਅਗਲੇ ਕੇਸ ਵਿੱਚ ਫਾਂਸੀ ਦੀ ਸਜ਼ਾ ਦਾ ਹੁਕਮ ਹੋਇਆ, 29.3.1917 ਨੂੰ ਲਾਹੌਰ ਜੇਲ੍ਹ ਵਿੱਚ ਸ਼ਹੀਦ ਹੋਏ।

**2. ਹੋਰ (ਗਦਰੀ) ਆਗੂ**

(ੳ) ਪੰਡਤ ਜਗਤ ਰਾਮ (ਹਰਿਆਣਾ)-ਅਮਰੀਕਾ ਵਿੱਚ ਪਾਰਟੀ ਦੇ ਮੁੱਖ ਆਗੂਆਂ ਵਿੱਚ ਸਨ-ਕਿਹਾ ਜਾਂਦਾ ਹੈ ਕਿ ਇਨ੍ਹਾਂ ਨੇ ਉੱਥੇ ਦੇਸ ਪਰਤਣ ਵੇਲੇ ਸੈਂਕੜੇ ਗ਼ਦਰ ਪਰਚੇ ਦੇ ਪਾਠਕਾਂ ਦੇ ਨਾਂ-ਪਤੇ ਜ਼ੁਬਾਨੀ ਯਾਦ ਕਰ ਲਏ ਹੋਏ ਸਨ, ਪਹਿਲੇ ਕੇਸ ਵਿੱਚ ਪਹਿਲਾਂ ਫਾਂਸੀ ਫਿਰ ਘਟਾ ਕੇ ਉਮਰ ਕੈਦ ਕਾਲਾ ਪਾਣੀ।

(ਅ) ਹਰਨਾਮ ਸਿੰਘ 'ਟੁੰਡੀ ਲਾਟ' (ਕੋਟਲਾ ਨੌਧ ਸਿੰਘ) ਅਮਰੀਕਾ ਵਿੱਚ (ਬਾਬਾ) ਵਸਾਖਾ ਸਿੰਘ ਦਦੇਹਰ ਦੇ ਸਟਾਕਟਨ (ਕੈਲੇਫੋਰਨੀਆ) ਫਾਰਮ 'ਤੇ ਬੰਬ ਬਣਾਉਂਦਿਆਂ ਇੱਕ ਬਾਂਹ ਕੂਹਣੀ ਤੋਂ ਹੇਠਾਂ ਉੱਡ ਗਈ-ਕਰਤਾਰ ਸਿੰਘ ਸਰਾਭੇ ਤੇ ਜਗਤ ਸਿੰਘ (ਸੁਰ ਸਿੰਘ) ਨਾਲ ਸਰਗੋਧੇ ਦੇ ਫ਼ੌਜੀ ਰਸਾਲੇ ਦੇ ਘੋੜਾ ਫਾਰਮ ਤੋਂ 2.3.1915 ਨੂੰ ਗ੍ਰਿਫ਼ਤਾਰ ਹੋ ਕੇ ਪਹਿਲਾਂ ਫਾਂਸੀ ਦੀ ਸਜ਼ਾ ਸੁਣਾਈ ਗਈ ਜੋ ਪਿੱਛੋਂ ਉਮਰ ਕੈਦ ਕਾਲੇ ਪਾਣੀ ਵਿੱਚ ਬਦਲ ਦਿੱਤੀ ਗਈ।

(ੲ) ਪਿਆਰਾ ਸਿੰਘ (ਲੰਗੇਰੀ ਹੁਸ਼ਿਆਰਪੁਰ)-ਇਨ੍ਹਾਂ ਨੇ ਗ੍ਰਿਫ਼ਤਾਰੀ ਲਈ ਆਏ ਥਾਣੇਦਾਰ ਦਾ ਟਕੂਏ ਨਾਲ ਮੁਕਾਬਲਾ ਕੀਤਾ ਸੀ, ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿੱਚ ਉਮਰ ਕੈਦ ਕਾਲਾ ਪਾਣੀ।

(ਸ) ਕਿਰਪਾ ਸਿੰਘ (ਲੌਂਗ ਮਾਜਰੀ ਵਿੱਚ ਫਿਰ ਬੜਵਾ-ਆਨੰਦਪੁਰ ਸਾਹਿਬ ਨੇੜੇ) ਆਪ 26 ਨੰਬਰ ਪੰਜਾਬ ਰੈਜਮੈਂਟ ਵਿੱਚ ਗਦਰ ਮੌਕੇ ਫਿਰੋਜ਼ਪੁਰ ਸਨ, ਜਿੱਥੇ ਇਨ੍ਹਾਂ ਦੀ ਕੌਡੀ ਵਿੱਚ ਕਰਤਾਰ ਸਿੰਘ ਸਰਾਭੇ ਦਾ ਅੱਡਾ ਸੀ। ਗਦਰ ਤੋਂ ਇੱਕ ਦਿਨ ਪਹਿਲਾਂ ਨੌਕਰੀਓਂ ਬਰਖ਼ਾਸਤ ਕਰਕੇ ਪਿੰਡ ਜਾਣ ਵਾਲੀ ਗੱਡੀ 'ਤੇ ਚਾੜ੍ਹ ਦਿੱਤੇ, ਪਰ ਅਗਲੇ ਸਟੇਸ਼ਨ ਪਰਤ ਆਏ। ਦੂਜੇ ਕੇਸ ਵਿੱਚ ਉਮਰ ਕੈਦ ਕਾਲਾ ਪਾਣੀ।

**3. ਅੰਡੇਮਾਨ ਕਾਲੇ ਪਾਣੀ ਜੇਲ੍ਹ ਦਾ ਘੋਲ**

ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਸਾਰੇ ਲੰਮੀਆਂ ਸਜ਼ਾਵਾਂ ਵਾਲੇ ਭਾਵ 10 ਸਾਲ ਵਾਲਿਆਂ ਨੂੰ ਵੀ ਉਮਰ ਕੈਦੀਆਂ ਨਾਲ ਦਸੰਬਰ 1915 ਨੂੰ ਅੰਡੇਮਾਨ ਦੇ ਕੁੰਭੀ ਨਰਕ ਵਿੱਚ ਝੋਂਕ ਦਿੱਤਾ। ਜਿੱਥੇ ਇਨ੍ਹਾਂ ਸਿਰੜੀ ਯੋਧਿਆਂ ਨੇ ਜੇਲ੍ਹ ਜ਼ੁਲਮਾਂ ਤੇ ਨਿਰਾਦਰੀਆਂ ਵਿਰੁੱਧ ਸਿਰ ਧੜ ਦੀਆਂ ਬਾਜ਼ੀਆਂ ਲਾ ਕੇ ਕੋਈ ਅੱਠ ਸਾਥੀਆਂ ਦੀ ਬਲੀ ਤਾਂ ਦਿੱਤੀ, ਪਰ 1922 ਵਿੱਚ ਉਸ ਕੁੰਭੀ ਨਰਕ ਦਾ ਦਰਵਾਜ਼ਾ ਰਾਜਸੀ ਕੈਦੀਆਂ ਲਈ ਬੰਦ ਕਰਵਾ ਦਿੱਤਾ। ਇਨ੍ਹਾਂ ਦੇ ਸੰਘਰਸ਼ ਦਾ ਸਿੱਧਾ ਪ੍ਰਭਾਵ ਇਹ ਪਿਆ ਕਿ ਜੇਲ੍ਹ ਵਾਲਿਆਂ ਨੇ ਦੂਜੇ ਕੇਸ ਦੇ ਗ਼ਦਰੀਆਂ ਲਈ ਦਰਵਾਜ਼ੇ ਬੰਦ ਕਰ ਦਿੱਤੇ। ਜਿਨ੍ਹਾਂ ਨੂੰ ਫਿਰ ਹਜ਼ਾਰੀ ਬਾਗ਼ (ਬਿਹਾਰ-ਝਾਰਖੰਡ) ਵਰਗੇ ਦੂਰ ਦੁਰੇਡੇ ਜੇਲ੍ਹਾਂ ਵਿੱਚ ਰੱਖਿਆ ਗਿਆ ਸੀ।

**4. ਮੰਡੀ (ਰਿਆਸਤ ਸਾਜ਼ਿਸ਼ ਕੇਸ)**-ਪਿੰਡ ਫਤਿਹਗੜ੍ਹ (ਹੁਸ਼ਿਆਰਪੁਰ) ਦੇ ਗ਼ਦਰੀਆਂ ਤੇ ਬਾਬਾ ਨਿਧਾਨ ਸਿੰਘ (ਚੁਘਾ-ਮੋਗਾ) ਨੂੰ ਉੱਥੋਂ ਦੇ ਰਾਜੇ ਦੀ ਬਜਾਏ ਉਹਦੇ ਇੱਕ ਸੁਹਿਰਦ ਨਜ਼ਦੀਕੀ ਨੂੰ ਤਖ਼ਤ 'ਤੇ ਬਿਠਾਉਣ ਉਪਰੰਤ ਉੱਥੋਂ ਹਥਿਆਰ ਆਦਿ ਲੈ ਕੇ ਦੋਬਾਰਾ ਗ਼ਦਰ ਵਿਉਂਤਣ ਦਾ ਦੋਸ਼ੀ ਪਾਇਆ ਗਿਆ।

**5. ਪਿੰਡ ਸੰਘੋਵਾਲ (ਜਲੰਧਰ ਦਾ ਯੋਗਦਾਨ)**-ਟ੍ਰਿਬਿਊਨਲ ਦੇ ਜੱਜਾਂ ਨੇ ਇਸ ਪਿੰਡ ਨੂੰ ਦੋਆਬੇ ਦੀ ਗ਼ਦਰ ਲਹਿਰ ਦਾ ਧੁਰਾ ਕਰਾਰ ਦਿੱਤਾ ਹੈ। (ਸ਼ਹੀਦ) ਬੰਤਾ ਸਿੰਘ ਹੋਰਾਂ ਨੇ ਆਪਣੇ ਪਿੰਡ ਦੇ ਲੋਕਾਂ ਦੀ ਪੰਚਾਇਤ ਰਾਹੀਂ ਪਿੰਡ ਦੀ ਅਜ਼ਾਦ ਹੋਂਦ ਸਥਾਪਿਤ ਕਰ ਲਈ ਹੋਈ ਸੀ।

**6. ਨੰਗਲ ਕਲਾਂ-ਗ਼ਦਾਰ ਜ਼ੈਲਦਾਰ ਚੰਦਾ ਸਿੰਘ ਦਾ ਕਤਲ**-ਦੇਸ ਦੁਸ਼ਟ ਨੂੰ 25.4.1915 ਨੂੰ ਕਤਲ ਕਰ ਦਿੱਤਾ ਗਿਆ। ਇਸ ਕੇਸ ਵਿੱਚ ਅਦਾਲਤ ਨੇ 27.7.15 ਦੇ ਫ਼ੈਸਲੇ ਵਿੱਚ ਸ਼ਹੀਦ ਜਵੰਦ ਸਿੰਘ (ਨੰਗਲ ਕਲਾਂ), ਸ਼ਹੀਦ ਬੰਤਾ ਸਿੰਘ (ਸੰਘੋਵਾਲ) ਤੇ ਬੂਟਾ ਸਿੰਘ (ਅਕਾਲਗੜ੍ਹ-ਲੁਧਿਆਣਾ) ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ।

**ਬੱਬਰ-1. ਲਹਿਰ ਦੀ ਸ਼ੁਰੂਆਤ ਤੇ ਖਾਸਾ**-ਇਸ ਲਹਿਰ ਦਾ ਨਿਕਟੀ ਪਿਛੋਕੜ ਭਾਵੇਂ ਗੁਰਦੁਆਰਾ ਸੁਧਾਰ ਲਹਿਰ ਲਹਿਰ ਸੀ, ਪਰ ਜਿਨ੍ਹਾਂ ਕਾਰਨਾਂ ਨੇ ਬੱਬਰਾਂ ਨੂੰ ਸਾਮਰਾਜੀ ਨੌਕਰਸ਼ਾਹੀ ਵਿਰੁੱਧ ਹਥਿਆਰ ਚੁੱਕਣ ਲਈ ਉਤੇਜਿਤ ਕੀਤਾ ਸੀ ਜਿਵੇਂ ਕਿ ਉਨ੍ਹਾਂ ਦੇ ਖੁੱਲ੍ਹੇ ਪ੍ਰਚਾਰ ਤੋਂ ਜ਼ਾਹਿਰ ਹੋਇਆ, ਉਹ ਸਾਮਰਾਜ ਦੀ ਅੰਨ੍ਹੀ ਲੁੱਟ ਕਾਰਨ ਵੱਧ ਰਹੀ ਕੰਗਾਲੀ ਤੇ ਨੌਕਰਸ਼ਾਹੀ ਵੱਲੋਂ ਦੇਸ ਭਗਤਾਂ 'ਤੇ ਕੀਤੇ ਜਾਣ ਵਾਲੇ ਬੇਕਿਰਕੇ ਜ਼ੁਲਮ ਸਨ।

ਇੱਕ ਵਕਤੀ ਕਾਰਨ ਇਹ ਵੀ ਸੀ ਕਿ ਗੁਰੂ ਕੇ ਬਾਗ਼ ਮੋਰਚੇ ਸਮੇਂ ਸੌ-ਸੌ ਵਾਲੰਟੀਅਰਾਂ ਦਾ ਜੱਥਾ ਅਕਾਲ ਤਖ਼ਤ ਦੇ ਹਜ਼ੂਰ ਸ਼ਾਂਤਮਈ ਰਹਿਣ ਦਾ ਪ੍ਰਣ ਕਰਕੇ ਗੁਰੂ ਕੇ ਬਾਗ਼ ਜਾਂਦਾ ਸੀ, ਗਾਤਰੇ ਵਿੱਚ ਕਿਰਪਾਨਾਂ ਹੁੰਦੀਆਂ ਸਨ, ਪਰ ਹੱਥ ਚੁੱਕਣ ਦੀ ਆਗਿਆ ਨਹੀਂ ਸੀ। ਦੁਸ਼ਟ ਬੀ. ਟੀ. ਜਿੱਥੇ ਜੱਥਿਆਂ 'ਤੇ ਬੇਤਹਾਸ਼ਾ ਤਸ਼ੱਦਦ ਕਰਦਾ ਉੱਥੇ ਨਾਲ ਹੀ ਗੁਰੂ ਸਾਹਿਬਾਨ ਦੀ ਸ਼ਾਨ ਵਿੱਚ ਕੁਬੋਲ ਬੋਲਦਾ ਸੀ, ਪਰ ਜੱਥੇ ਵਾਲੇ ਉਸ ਦਾ ਜਵਾਬ ਵੀ ਸਬਰ ਨਾਲ ਹੀ ਦਿੰਦੇ ਸਨ। ਕੁਝ ਜੋਸ਼ੀਲੇ ਸਿੱਖ ਇਹ ਮਹਿਸੂਸ ਕਰਦੇ ਸਨ ਕਿ ਜੋ ਜਬਰ ਹੋਵੇ ਆਪਣੀ ਜਾਨ 'ਤੇ ਝੱਲ ਲੈਣਾ ਚਾਹੀਦਾ ਹੈ, ਪਰ ਗੁਰੂ ਸਾਹਿਬਾਨ ਦੀ ਸ਼ਾਨ 'ਤੇ ਝੱਲ ਲੈਣਾ ਚਾਹੀਦਾ ਹੈ, ਪਰ ਗੁਰੂ ਸਾਹਿਬਾਨ ਦੀ ਸ਼ਾਨ ਵਿੱਚ ਦੁਰਬਚਨ ਬਰਦਾਸ਼ਤ ਨਹੀਂ ਕਰਨੇ ਚਾਹੀਦੇ, ਕਿਉਂਕਿ ਏਡੀ ਕੀਮਤੀ ਰਾਸ ਲੁਟਾ ਕੇ ਜੇ ਸਿੱਖ ਜੀਉਂਦੇ ਫਿਰਨਗੇ ਤਾਂ ਜੀਵਨ ਕਿਸ ਅਰਥ! ਸਾਮਰਾਜੀ ਜਬਰ ਨੇ ਦੇਸ਼ ਦੀ ਯਾਤਰਾ ਵਿੱਚ ਤੇ ਖ਼ਾਸ ਕਰਕੇ ਸਿੱਖ ਜਗਤ ਵਿੱਚ ਤਰਥਾਟ ਮਚਾ ਦਿੱਤੀ ਸੀ। ਬੱਬਰ ਜੱਥੇ ਵਿੱਚ ਸ਼ਾਮਲ ਹੋਣ ਵਾਲਾ ਹਰ ਵਿਅਕਤੀ ਇਹ ਪ੍ਰਣ ਕਰਦਾ ਸੀ।

ਅਸੀਂ ਦੇਸ ਸੇਵਾ ਵਿੱਚ ਸਰਬੰਸ ਕੁਰਬਾਨ ਕਰ ਦੇਵਾਂਗੇ, ਅਸੀਂ ਇਹ ਪ੍ਰਤਿੱਗਿਆ ਕਰਦੇ ਹਾਂ ਕਿ ਲੜਦੇ-ਲੜਦੇ ਮਰ ਜਾਵਾਂਗੇ, ਪਰ ਜੇਲ੍ਹ ਜਾਣਾ ਮਨਜ਼ੂਰ ਨਹੀਂ ਕਰਾਂਗੇ।"

**ਲਹਿਰ ਦੀ ਚੜ੍ਹਤ**-1923 ਵੇਲੇ ਦੇ ਜਲੰਧਰ ਡਵੀਜ਼ਨ ਦੇ ਕਮਿਸ਼ਨਰ ਟਾਊਨ ਸੈਂਡ ਦੇ ਅਦਾਲਤੀ ਬਿਆਨ ਅਨੁਸਾਰ-

ਉਹਦੇ 1923 'ਚ ਅਹੁਦਾ ਸੰਭਾਲਣ ਵੇਲੇ ਬੱਬਰਾਂ ਦੀਆਂ ਸਰਗਰਮੀਆਂ ਕਾਰਨ ਮਾਹੌਲ ਕਿਸ ਹੱਦ ਤੱਕ ਦਹਿਸ਼ਤ ਭਰਿਆ ਸੀ, ਉਸ ਦੀ ਵਿਆਖਿਆ ਕਰਦਿਆਂ ਉਹਨੇ ਦੱਸਿਆ ਕਿ ਉਹਦੇ ਕਈ ਨਿਕਟਵਰਤੀ ਸੱਜਣ ਜਿਨ੍ਹਾਂ ਵਿੱਚ ਕੁਝ ਕੁ ਜ਼ੈਲਦਾਰ ਤੇ ਹੋਰ ਪਤਵੰਤੇ ਵੀ ਸ਼ਾਮਲ ਸਨ, ਉਹਦੇ ਕੰਨ ਨਾਲ ਮੂੰਹ ਜੋੜ ਕੇ ਬਿਲਕੁਲ ਧੀਮੀ ਸੁਰ ਵਿੱਚ ਹੀ ਗੱਲ ਕਰਦੇ ਸਨ ਤੇ ਉਹ ਵੀ ਉਹਦੇ ਰਿਹਾਇਸ਼ੀ ਬੰਗਲੇ ਦੀ ਕਿਸੇ ਨਿਵੇਕਲੀ ਨੁਕਰੇ। ਇਹ ਲੱਗਭੱਗ ਸਾਰੇ ਹੀ ਹਰ ਤਰ੍ਹਾਂ ਦੇ ਹਥਿਆਰਾਂ ਨਾਲ ਲੈਸ ਰਹਿੰਦੇ ਤੇ ਕਈਆਂ ਨੇ ਤਾਂ ਆਪਣੀ ਹਿਫ਼ਾਜ਼ਤ ਲਈ ਨਿੱਜੀ ਗਾਰਡ ਵੀ ਰੱਖੇ ਹੋਏ ਸਨ, ਜਿਹੜੇ ਦਿਨ-ਰਾਤ ਉਨ੍ਹਾਂ 'ਤੇ ਪਹਿਰਾ ਦਿੰਦੇ ਸਨ। ਇਨ੍ਹਾਂ ਵਿੱਚ ਕੁਝ ਕੁ ਤਾਂ ਇੰਨੇ ਭੈਭੀਤ ਹੋ ਚੁੱਕੇ ਸਨ ਕਿ ਦੁਆਬੇ ਦੇ ਆਪਣੀ ਜੱਦੀ ਪਿੰਡ ਛੱਡ ਕੇ ਬਾਰ ਦੀ ਨਹਿਰੀ ਕਲੋਨੀ ਵਿੱਚ ਜਾ ਸ਼ਰਨ ਲਈ ਸੀ।

ਬਾਕੀ ਸਫ਼ਾ 41 'ਤੇ →